7

# ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ

PJB 007

ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca ’ਤੇ ਸਾਡਾ ਪਰਚਾ “ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ” ਵੇਖੋ।*

ਜਦੋਂ ਤੁਸੀਂ ਅਤੇ ਤੁਹਾਡਾ ਸਾਥੀ ਇੱਕ ਦੂਸਰੇ ਤੋਂ ਵੱਖ ਹੁੰਦੇ ਹੋ, ਤਾਂ ਤੁਹਾਨੂੰ ਕਈ ਕਾਨੂੰਨੀ ਮਸਲੇ ਨਜਿੱਠਣੇ ਪੈਣਗੇ। ਉਦਾਹਰਣ ਵਜੋਂ, ਤੁਹਾਡੇ ਲਈ ਮਾਲੀ ਸਹਾਇਤਾ, ਆਪਣੇ ਬੱਚਿਆਂ ਦੀ ਦੇਖਭਾਲ ਕਿਵੇਂ ਹੋਵੇ, ਅਤੇ ਪਰਿਵਾਰਕ ਜਾਇਦਾਦ ਦੀ ਵੰਡ ਬਾਰੇ ਫੈਸਲੇ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਦਾਲਤ ਵਿੱਚ ਜਾ ਸਕਦੇ ਹੋ। ਤੁਸੀਂ ਗੈਰਰਸਮੀ ਪ੍ਰਬੰਧ ਵੀ ਕਰ ਸਕਦੇ ਹੋ ਜਾਂ ਫਿਰ **ਝਗਿੜਆਂ ਦੇ ਬਦਲਵੇਂ ਹੱਲ (ਆਲਟਰਨੇਟਿਵ ਡਿਸਪਿਊਟ ਰੈਜ਼ੋਲਯੂਸ਼ਨ – ਏ.ਡੀ.ਆਰ.) (alternative dispute resolution [ADR])** ਦਾ ਤਰੀਕਾ ਵੀ ਇਸਤੇਮਾਲ ਕਰ ਸਕਦੇ ਹੋ।

ਏ.ਡੀ.ਆਰ. ਦਾ ਇਸਤੇਮਾਲ ਕਿਸੇ ਅਜਿਹੇ ਵਿਅਕਤੀ ਨਾਲ ਹੋਏ ਝਗੜੇ ਨੂੰ ਸੁਲਝਾਉਣ ਲਈ ਨਾ ਕਰੋ ਜੋ ਹਿੰਸਕ ਜਾਂ ਬਦਸਲੂਕ ਰਿਹਾ ਹੋਵੇ। ਇਸ ਦਾ ਇਸਤੇਮਾਲ ਕਿਸੇ ਅਜਿਹੇ ਵਿਅਕਤੀ ਨਾਲ ਨਾ ਕਰੋ ਜਿਸ ਨੇ ਤੁਹਾਡੇ ਨਾਲ ਧੱਕਾਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਹੋਵੇ, ਜਾਂ ਕਿਸੇ ਅਜਿਹੇ ਵਿਅਕਤੀ ਨਾਲ ਨਾ ਕਰੋ ਜਿਸ ਕੋਲ ਤੁਹਾਡੇ ਨਾਲੋਂ ਵੱਧ ਤਾਕਤ ਹੋਵੇ।

## ਸਾਲਸੀ ਫੈਸਲਾ ਕੀ ਹੁੰਦਾ ਹੈ?

ਸਾਲਸੀ, ਝਗੜੇ ਦੇ ਬਦਲਵੇਂ ਹੱਲਾਂ (ਏ.ਡੀ.ਆਰ.) ਦੀ ਇੱਕ ਕਿਸਮ ਹੈ। ਏ.ਡੀ.ਆਰ. ਇੱਕ ਤਰੀਕਾ ਹੈ ਜਿਸ ਨਾਲ ਲੋਕ ਅਦਾਲਤ ਵਿੱਚ ਜਾਏ ਬਿਨਾਂ ਹੀ ਕਾਨੂੰਨੀ ਮਸਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰਿਵਾਰਕ ਕਾਨੂੰਨ ਦੇ ਕਿਸੇ ਮਾਮਲੇ ਵਿੱਚ ਤੁਹਾਨੂੰ ਏ.ਡੀ.ਆਰ. ਦਾ ਰਾਹ ਅਖਤਿਆਰ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਤੁਸੀਂ ਅਤੇ ਤੁਹਾਡਾ ਸਾਬਕਾ ਸਾਥੀ ਇਹ ਰਸਤਾ ਸਿਰਫ ਆਪਣੀ ਮਰਜ਼ੀ ਨਾਲ ਹੀ ਚੁਣ ਸਕਦੇ ਹੋ।

ਸਾਲਸੀ ਵਿੱਚ, ਤੁਸੀਂ ਅਤੇ ਤੁਹਾਡਾ ਸਾਬਕਾ ਸਾਥੀ ਆਪਣੇ ਝਗੜੇ ਨੂੰ ਸੁਲਝਾਉਣ ਲਈ ਕੋਈ ਤੀਸਰਾ ਵਿਅਕਤੀ ਕਰ ਲੈਂਦੇ ਹੋ। ਇਸ ਵਿਅਕਤੀ ਨੂੰ **ਸਾਲਸ (arbitrator)** ਕਿਹਾ ਜਾਂਦਾ ਹੈ। ਸਾਲਸ ਤਲਾਕ ਦੀ ਇਜਾਜ਼ਤ ਨਹੀਂ ਦੇ ਸਕਦਾ ਅਤੇ ਨਾ ਸ਼ਾਦੀ ਨੂੰ ਰੱਦ ਕਰ ਸਕਦਾ ਹੈ, ਪਰ ਉਹ ਬੱਚਿਆਂ ਦੀ ਸਪੁਰਦਗੀ (ਹਵਾਲਗੀ) ਜਾਂ ਕਸਟੱਡੀ, ਮਾਇਕ ਮਦਦ, ਬੱਚਿਆਂ ਨੂੰ ਵੇਖਣ ਦੇ ਹੱਕ ਅਤੇ ਜਾਇਦਾਦ ਦੀ ਵੰਡ ਬਾਰੇ ਫੈਸਲੇ ਕਰ ਸਕਦਾ ਹੈ। ਉਹ ਸਿਰਫ ਉਨ੍ਹਾਂ ਮੁੱਦਿਆਂ ਬਾਰੇ ਹੀ ਫੈਸਲਾ ਕਰ ਸਕਦੇ ਹਨ ਜਿਨ੍ਹਾਂ ਨੂੰ ਸੁਲਝਾਉਣ ਲਈ ਤੁਸੀਂ ਉਸ ਨੂੰ ਕਹਿੰਦੇ ਹੋ। ਸਾਲਸ ਸਿਰਫ ਕੈਨੇਡਾ ਜਾਂ ਓਂਟਾਰੀਓ ਦੇ ਪਰਿਵਾਰਕ ਕਾਨੂੰਨਾਂ ਮੁਤਾਬਕ ਚੱਲਦਾ ਹੈ।

ਸਾਲਸੀ ਕਿਸੇ ਅਦਾਲਤੀ ਮਾਮਲੇ ਵਾਂਗ ਹੀ ਹੁੰਦੀ ਹੈ ਪਰ ਇਹ ਘੱਟ ਰਸਮੀ ਹੁੰਦੀ ਹੈ। ਬਹੁਤੇ ਵਿਅਕਤੀਆਂ ਕੋਲ ਇੱਕ ਵਕੀਲ ਹੁੰਦਾ ਹੈ। ਸੁਣਵਾਈ ਦੌਰਾਨ, ਤੁਸੀਂ ਅਤੇ ਤੁਹਾਡਾ ਸਾਬਕਾ ਸਾਥੀ ਦੋਵੇਂ ਹੀ ਗਵਾਹੀ ਦੇ ਸਕਦੇ ਹੋ ਅਤੇ ਕਹਿ ਸਕਦੇ ਹੋ ਕਿ ਤੁਹਾਡੇ ਵਿਚਾਰ ਵਿੱਚ ਕੀ ਸਹੀ ਹੈ। ਤੁਹਾਡੇ ਵਿੱਚੋਂ ਹਰੇਕ ਦੇ ਬੋਲਣ ਤੋਂ ਬਾਅਦ ਸਾਲਸ ਇੱਕ ਫੈਸਲਾ ਕਰੇਗਾ। ਉਸ ਦੇ ਫੈਸਲੇ ਨੂੰ **ਸਾਲਸੀ ਫੈਸਲਾ (arbitral award)** ਕਿਹਾ ਜਾਂਦਾ ਹੈ।

ਜੇ ਤੁਹਾਨੂੰ ਕੈਨੇਡਾ ਦੇ ਕਾਨੂੰਨਾਂ ਤਹਿਤ ਆਪਣੇ ਹੱਕਾਂ ਦਾ ਪਤਾ ਨਾ ਹੋਵੇ ਤਾਂ ਸਾਲਸੀ ਲਈ ਸਹਿਮਤ ਹੋਣ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰੋ। ਇੱਕ ਵਾਰੀ ਸਾਲਸੀ ਸ਼ੁਰੂ ਹੋਣ ‘ਤੇ ਤੁਸੀਂ ਇਹ ਰਸਤਾ ਛੱਡ ਨਹੀਂ ਸਕਦੇ। ਸਾਲਸ ਦੇ ਫੈਸਲੇ ਦੀ ਪਾਲਣਾ ਕਰਨਾ ਤੁਹਾਡੇ ਲਈ ਲਾਜ਼ਮੀ ਹੁੰਦਾ ਹੈ ਭਾਵੇਂ ਤੁਸੀਂ ਇਸ ਨਾਲ ਸਹਿਮਤ ਨਾ ਵੀ ਹੋਵੋਂ। ਜਦੋਂ ਤਕ ਸਾਲਸੀ ਫੈਸਲਾ ਕੈਨੇਡਾ ਦੇ ਕਾਨੂੰਨਾਂ ਦੇ ਅਨੁਸਾਰ ਹੋਵੇ, ਕਾਨੂੰਨੀ ਤੌਰ ‘ਤੇ ਇਸ ਨੂੰ ਮੰਨਣਾ ਲਾਜ਼ਮੀ ਹੁੰਦਾ ਹੈ।

ਸਾਲਸੀ ਮਹਿੰਗਾ ਤਰੀਕਾ ਹੋ ਸਕਦਾ ਹੈ ਕਿਉਂਕਿ ਤੁਹਾਨੂੰ ਵਕੀਲ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਤੁਹਾਨੂੰ ਸਾਲਸ ਦੀ ਫੀਸ ਵੀ ਦੇਣੀ ਪਵੇ। ਭਾਵੇਂ ਸੁਣਵਾਈ ‘ਤੇ ਤੁਸੀਂ ਕੋਈ ਵਕੀਲ ਨਾ ਵੀ ਲੈ ਕੇ ਜਾਓ, ਤਾਂ ਵੀ ਤੁਹਾਨੂੰ ਇਹ ਜ਼ਰੂਰ ਸਾਬਤ ਕਰਨਾ ਪਵੇਗਾ ਕਿ ਸਾਲਸੀ ਲਈ ਰਜ਼ਾਮੰਦ ਹੋਣ ਤੋਂ ਪਹਿਲਾਂ ਤੁਸੀਂ ਕਾਨੂੰਨੀ ਰਾਏ ਲਈ ਸੀ। ਇਸਦਾ ਖ਼ਰਚਾ ਇਸ ਗੱਲ ‘ਤੇ ਨਿਰਭਰ ਕਰੇਗਾ ਕਿ ਸਾਲਸ ਅਤੇ ਵਕੀਲ ਕਿੰਨੀ ਫੀਸ ਲੈਂਦੇ ਹਨ। ਲੀਗਲ ਏਡ (ਕਾਨੂੰਨੀ ਮਦਦ) ਪਰਿਵਾਰਕ ਕਾਨੂੰਨ ਨਾਲ ਸਬੰਧਤ ਸਾਲਸੀ ਲਈ ਭੁਗਤਾਨ ਨਹੀਂ ਕਰੇਗੀ।

## ਸਾਲਸੀ ਅਤੇ ਵਿਚੋਲਗੀ ਵਿੱਚ ਕੀ ਫਰਕ ਹੈ?

ਲੋਕ ਅਕਸਰ ਸੋਚਦੇ ਹਨ ਕਿ ਸਾਲਸੀ ਅਤੇ **ਵਿਚੋਲਗੀ (mediation)** ਇੱਕੋ ਹੀ ਚੀਜ਼ਾਂ ਹਨ। ਇਹ ਇੱਕੋ ਨਹੀਂ ਹਨ। ਵਿਚੋਲਗੀ ਏ.ਡੀ.ਆਰ. ਦਾ ਇੱਕ ਹੋਰ ਰੂਪ ਹੈ। ਵਿਚੋਲਗੀ ਵਿੱਚ ਕੋਈ ਸਿਖਲਾਈ ਪ੍ਰਾਪਤ ਮੀਡੀਏਟਰ ਲੋਕਾਂ ਦੀ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਮਦਦ ਕਰਦਾ ਹੈ। ਵਿਚੋਲਗੀ ਦੌਰਾਨ ਤੁਹਾਡੇ ਕੋਲ ਹੋਰ ਰਸਤੇ ਮੌਜੂਦ ਹੁੰਦੇ ਹਨ। ਤੁਸੀਂ ਕਿਸੇ ਵੀ ਸਮੇਂ ਗੱਲਬਾਤ ਖਤਮ ਕਰਨ ਜਾਂ ਆਪਣੇ ਸਾਥੀ ਦੀ ਪੇਸ਼ਕਸ਼ ਜਾਂ ਮੀਡੀਏਟਰ ਦਾ ਸੁਝਾਅ ਅਸਵੀਕਾਰ ਕਰਨ ਦਾ ਫੈਸਲਾ ਕਰ ਸਕਦੇ ਹੋ। ਸਾਲਸੀ ਵਿੱਚ ਤੁਹਾਡੇ ਕੋਲ ਕੋਈ ਹੋਰ ਰਾਹ ਨਹੀਂ ਹੁੰਦਾ। ਜਦੋਂ ਤਕ ਸਾਲਸ ਦਾ ਫੈਸਲਾ ਕਾਨੂੰਨ ਮੁਤਾਬਕ ਹੋਵੇ, ਤੁਹਾਨੂੰ ਉਹ ਮੰਨਣਾ ਹੀ ਪੈਂਦਾ ਹੈ। ਕੁਝ ਮਾਮਲਿਆਂ ਵਿੱਚ ਪਰਿਵਾਰਕ ਸਾਲਸੀ ਫੈਸਲੇ ਵਿਰੁੱਧ ਤੁਸੀਂ ਅਦਾਲਤ ਵਿੱਚ ਅਪੀਲ ਕਰ ਸਕਦੇ ਹੋ।

## ਸਾਲਸੀ ਕਿਸੇ ਨਿੱਜੀ ਸਮਝੌਤੇ ਤੋਂ ਕਿਸ ਤਰ੍ਹਾਂ ਵੱਖਰਾ ਹੁੰਦਾ ਹੈ?

ਕਦੇ-ਕਦੇ ਔਰਤਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਕਿਸੇ ਅਜਿਹੇ ਵਿਅਕਤੀ, ਜਿਸ ਦਾ ਉਹ ਆਦਰ ਕਰਦੀਆਂ ਹਨ, ਜਿਵੇਂ ਕਿ ਕਿਸੇ ਡਾਕਟਰ ਜਾਂ ਧਾਰਮਿਕ ਆਗੂ, ਨੂੰ ਪਰਿਵਾਰਕ ਕਾਨੂੰਨ ਸਬੰਧੀ ਕਿਸੇ ਝਗੜੇ ਬਾਰੇ ਫੈਸਲਾ ਕਰਨ ਦੀ ਬੇਨਤੀ ਕਰਨ। ਜੇ ਇਹ ਵਿਅਕਤੀ ਕੋਈ ਸਾਲਸ ਨਹੀਂ ਹੈ ਤਾਂ ਉਸ ਦੇ ਫੈਸਲੇ ਨੂੰ ਮੰਨਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹੁੰਦਾ ਅਤੇ ਇਸ ਨੂੰ ਥੋਪਿਆ ਨਹੀਂ ਜਾ ਸਕਦਾ।

ਜੇ ਤੁਸੀਂ ਫਿਕਰਮੰਦ ਹੋ ਕਿ ਤੁਹਾਡੇ ਮਾਮਲੇ ਬਾਰੇ ਫੈਸਲੇ ਕਰਨ ਵਾਲਾ ਵਿਅਕਤੀ ਅਸਲੀ ਸਾਲਸ ਨਹੀਂ ਹੈ ਤਾਂ ਇਹ ਸਬੂਤ ਦਿਖਾਉਣ ਲਈ ਕਹੋ ਕਿ ਉਸ ਕੋਲ ਇਸ ਕੰਮ ਨੂੰ ਕਰਨ ਦੀ ਯੋਗਤਾ ਹੈ। ਓਂਟਾਰੀਓ ਵਿੱਚ ਜਿਹੜੇ ਸਾਲਸ ਵਕੀਲ ਨਹੀਂ ਹੁੰਦੇ, ਉਨ੍ਹਾਂ ਲਈ ਪਰਿਵਾਰਕ ਕਾਨੂੰਨ ਵਿੱਚ ਕੁਝ ਸਿਖਲਾਈ ਲੈਣੀ ਲਾਜ਼ਮੀ ਹੁੰਦੀ ਹੈ। ਨਾਲ ਹੀ ਸਾਰੇ ਸਾਲਸਾਂ ਨੂੰ ਇਸ ਗੱਲ ਦੀ ਸਿਖਲਾਈ ਵੀ ਜ਼ਰੂਰ ਲੈਣੀ ਚਾਹੀਦੀ ਹੈ ਕਿ ਘਰੇਲੂ ਹਿੰਸਾ ਦੇ ਸੰਕੇਤ ਨੂੰ ਕਿਵੇਂ ਪਛਾਣਨਾ ਹੈ।

## ਸਾਲਸੀ ਫੈਸਲੇ ਕਿਵੇਂ ਲਾਗੂ ਕੀਤੇ ਜਾਂਦੇ ਹਨ?

ਸਾਲਸੀ ਤੋਂ ਬਾਅਦ ਤੁਸੀਂ ਸਾਲਸੀ ਫੈਸਲੇ ਨੂੰ ਲਾਗੂ ਕੀਤੇ ਜਾਣ ਲਈ ਪਰਿਵਾਰਕ ਅਦਾਲਤ ਕੋਲ ਅਰਜ਼ੀ ਦੇ ਸਕਦੇ ਹੋ। ਇੱਕ ਵਾਰ ਇਸ ਨੂੰ ਦਾਇਰ ਕਰ ਦਿੱਤੇ ਜਾਣ 'ਤੇ ਅਦਾਲਤ ਸਾਲਸੀ ਫੈਸਲੇ ਨੂੰ ਉਸੇ ਤਰ੍ਹਾਂ ਲਾਗੂ ਕਰ ਸਕਦੀ ਹੈ ਜਿਵੇਂ ਕਿ ਇਹ ਕੋਈ ਅਦਾਲਤੀ ਹੁਕਮ ਹੋਵੇ, ਬਸ਼ਰਤੇ ਕਿ ਇਹ ਖਾਸ ਸ਼ਰਤਾਂ ਪੂਰੀਆਂ ਕਰਦਾ ਹੋਵੇ।

## ਫ਼ਾਇਦੇ ਅਤੇ ਨੁਕਸਾਨ

ਕੁਝ ਲੋਕਾਂ ਦਾ ਕਹਿਣਾ ਹੈ ਕਿ ਸਾਲਸੀ ਦਾ ਰਾਹ ਚੰਗਾ ਹੁੰਦਾ ਹੈ ਕਿਉਂਕਿ:

- ਇਹ ਵਧੇਰੇ ਕਾਰਜਕੁਸ਼ਲ, ਅਦਾਲਤ ਵਿੱਚ ਜਾਣ ਨਾਲੋਂ ਘੱਟ ਰਸਮੀ ਅਤੇ ਘੱਟ ਖ਼ਰਚੀਲਾ ਹੁੰਦਾ ਹੈ
- ਪ੍ਰਕਿਰਿਆ ਲਚਕੀਲੀ ਹੁੰਦੀ ਹੈ
- ਤੁਸੀਂ ਅਤੇ ਤੁਹਾਡਾ ਸਾਬਕਾ ਸਾਥੀ ਇਸ ਗੱਲ ਦੀ ਚੋਣ ਕਰ ਸਕਦੇ ਹੋ ਕਿ ਤੁਹਾਡੇ ਝਗੜੇ ਦਾ ਫੈਸਲਾ ਕੌਣ ਕਰੇਗਾ

ਪਰ, ਕਈ ਲੋਕ ਕਹਿੰਦੇ ਹਨ ਕਿ ਸਾਲਸੀ ਫੈਸਲਾ ਪਰਿਵਾਰਕ ਕਾਨੂੰਨਾਂ ਦੇ ਝਗੜਿਆਂ ਨੂੰ ਸੁਲਝਾਉਣ ਦਾ ਇੱਕ ਚੰਗਾ ਢੰਗ ਨਹੀਂ ਹੈ। ਸਾਲਸ ਕੋਲ ਬਹੁਤ ਸਾਰੀ ਸ਼ਕਤੀ ਹੁੰਦੀ ਹੈ ਅਤੇ ਉਹ ਅਜਿਹੇ ਫੈਸਲੇ ਕਰ ਸਕਦਾ ਹੈ ਜੋ ਗ਼ੈਰਨਿਆਂਪੂਰਨ ਹੋਣ। ਨਾਲ ਹੀ, ਹੋ ਸਕਦਾ ਹੈ ਸਾਲਸੀ ਫੈਸਲਾ ਔਰਤਾਂ ਲਈ ਠੀਕ ਤਰ੍ਹਾਂ ਨਾਲ ਕੰਮ ਨਾ ਕਰੇ ਕਿਉਂਕਿ ਬਹੁਤ ਸਾਰੀਆਂ ਔਰਤਾਂ ਕਿਸੇ ਵਕੀਲ ਦਾ ਖ਼ਰਚਾ ਨਹੀਂ ਚੁੱਕ ਸਕਦੀਆਂ। ਜੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ ਤਾਂ ਤੁਸੀਂ ਸ਼ਾਇਦ ਆਪਣੇ ਸਾਰੇ ਹੱਕਾਂ ਬਾਰੇ ਨਾ ਜਾਣਦੇ ਹੋਵੋ ਅਤੇ ਤੁਸੀਂ ਸ਼ਾਇਦ ਇਹ ਵੀ ਨਾ ਜਾਣਦੇ ਹੋਵੋ ਕਿ ਆਪਣੇ ਮਾਮਲੇ ਦੇ ਸਾਲਸ ਨੂੰ ਕੋਈ ਗੱਲ ਕਿਵੇਂ ਸਮਝਾਉਣੀ ਹੈ।

## ਪਰਿਵਾਰਕ ਕਾਨੂੰਨ ਸਬੰਧੀ ਸਾਲਸੀ ਫੈਸਲੇ ਬਾਰੇ ਕਾਨੂੰਨ ਕੀ ਕਹਿੰਦਾ ਹੈ

ਹੇਠਾਂ ਉਹ ਸਭ ਤੋਂ ਮਹੱਤਵਪੂਰਨ ਗੱਲਾਂ ਹਨ ਜੋ *ਆਰਬਿਟਰੇਸ਼ਨ ਐਕਟ (Arbitration Act)* ਤੁਹਾਡੇ ਹੱਕਾਂ ਬਾਰੇ ਕਹਿੰਦਾ ਹੈ:

- ਪਰਿਵਾਰਕ ਕਾਨੂੰਨ ਸਬੰਧੀ ਸਾਲਸੀ ਦੇ ਸਾਰੇ ਮਾਮਲੇ ਕੈਨੇਡਾ ਦੇ, ਜਾਂ ਓਂਟੇਰੀਓ ਦੇ ਕਾਨੂੰਨ ਮੁਤਾਬਕ ਹੋਣੇ ਚਾਹੀਦੇ ਹਨ ਨਹੀਂ ਤਾਂ ਉਹ ਕਾਨੂੰਨ ਤੌਰ 'ਤੇ ਸਹੀ ਨਹੀਂ ਮੰਨੇ ਜਾਣਗੇ। ਉਦਾਹਰਣ ਵਜੋਂ, ਕਿਉਂਕਿ ਕੈਨੇਡਾ ਦੇ ਕਾਨੂੰਨ ਅਨੁਸਾਰ ਕਿਸੇ ਜੋੜੇ ਦਾ ਤਲਾਕ ਹੋਣ 'ਤੇ ਹਰੇਕ ਸਾਥੀ ਨੂੰ ਜਾਇਦਾਦ ਦੇ ਮੁੱਲ ਦਾ ਅੱਧਾ ਹਿੱਸਾ ਮਿਲਣਾ ਚਾਹੀਦਾ ਹੈ, ਸਾਲਸ ਇਹ ਫੈਸਲਾ ਨਹੀਂ ਦੇ ਸਕਦੇ ਕਿ ਤੁਹਾਡਾ ਪਤੀ, ਪਰਿਵਾਰ ਦੀ ਜਾਇਦਾਦ ਦੇ ਮੁੱਲ ਦਾ ਅੱਧੇ ਤੋਂ ਵੱਧ ਹਿੱਸਾ ਲੈ ਸਕਦਾ ਹੈ।
- ਕਿਸੇ ਅਜਿਹੇ ਵਿਅਕਤੀ, ਜੋ ਪਰਿਵਾਰਕ ਕਾਨੂੰਨ ਸਬੰਧੀ ਸਾਲਸ ਨਹੀਂ ਹੁੰਦੇ, ਦੁਆਰਾ ਦਿੱਤੇ ਗਏ ਕਿਸੇ ਨਿੱਜੀ ਫੈਸਲੇ (private decision) ਨੂੰ ਕਾਨੂੰਨੀ ਤੌਰ ਮੰਨਣਾ ਜ਼ਰੂਰੀ ਨਹੀਂ ਹੁੰਦਾ ਅਤੇ ਇਸ ਨੂੰ ਕਾਨੂੰਨੀ ਤੌਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ।

- ਪਰਿਵਾਰਕ ਕਾਨੂੰਨ ਸਬੰਧੀ ਸਾਲਸੀ ਫੈਸਲੇ ਵਿੱਚ, *ਫੈਮਿਲੀ ਲਾਅ ਐਕਟ (Family Law Act) ਆਰਬਿਟਰੇਸ਼ਨ ਐਕਟ (Arbitration Act)* ਨਾਲੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ। ਅਦਾਲਤਾਂ ਲਈ ਪਰਿਵਾਰਕ ਕਾਨੂੰਨ ਦੇ ਸਿਧਾਂਤਾਂ ਦਾ ਇਸਤੇਮਾਲ ਕਰਨਾ ਲਾਜ਼ਮੀ ਹੁੰਦਾ ਹੈ।
- ਸਾਰੇ ਸਾਲਸੀ ਫੈਸਲੇ "ਘਰੇਲੂ ਇਕਰਾਰਨਾਮੇ" ਹੁੰਦੇ ਹਨ। ਅਦਾਲਤਾਂ ਨੂੰ ਸਾਲਸੀ ਫੈਸਲਿਆਂ ਨਾਲ ਉਸੇ ਤਰੀਕੇ ਨਾਲ ਵਿਹਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਉਹ ਸਾਰੇ ਘਰੇਲੂ ਇਕਰਾਰਨਾਮਿਆਂ ਨਾਲ ਕਰਦੀਆਂ ਹਨ।
- ਬੱਚਿਆਂ ਬਾਰੇ ਕੀਤੇ ਗਏ ਕਿਸੇ ਸਾਲਸੀ ਫੈਸਲੇ ਨੂੰ **"ਬੱਚੇ ਦੇ ਹਿਤ ਲਈ ਸਭ ਤੋਂ ਚੰਗਾ"** ਹੋਣ ਦੀ ਜਾਂਚ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਸਾਲਸਾਂ ਨੂੰ ਉਨ੍ਹਾਂ ਹੀ ਗੱਲਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ 'ਤੇ ਪਰਿਵਾਰਕ ਕਾਨੂੰਨ ਅਦਾਲਤਾਂ ਉਸ ਸਮੇਂ ਧਿਆਨ ਦਿੰਦੀਆਂ ਹਨ ਜਦੋਂ ਉਹ ਇਹ ਫੈਸਲਾ ਕਰਦੀਆਂ ਹਨ ਕਿ ਬੱਚੇ ਦੇ ਹਿਤ ਵਿੱਚ ਸਭ ਤੋਂ ਚੰਗਾ ਕੀ ਹੈ। ਇਹ ਗੱਲਾਂ *ਚਿਲਡਰਨਜ਼ ਲਾਅ ਰਿਫਾਰਮ ਐਕਟ (Children's Law Reform Act)* ਦੇ ਸੈਕਸ਼ਨ 24 ਵਿੱਚ ਦਿੱਤੀਆਂ ਗਈਆਂ ਹਨ।
- ਇਹ ਤੁਹਾਡਾ ਹੱਕ ਹਮੇਸ਼ਾਂ ਰਹੇਗਾ ਕਿ ਕਿਸੇ ਸਾਲਸੀ ਫੈਸਲੇ ਵਿਰੁੱਧ ਤੁਸੀਂ ਅਦਾਲਤ ਨੂੰ **ਅਪੀਲ ਕਰਨ ਸਕਣ ਦੀ ਇਜਾਜ਼ਤ** ਦੇਣ ਲਈ ਬੇਨਤੀ ਕਰ ਸਕੋਂ। ਤੁਸੀਂ ਉਸ ਹੱਕ ਨੂੰ ਛੱਡ ਨਹੀਂ ਸਕਦੇ। ਜੇ ਤੁਸੀਂ ਫੈਸਲੇ ਨੂੰ ਚੁਣੌਤੀ ਦਿੰਦੇ ਹੋ, ਤਾਂ ਅਦਾਲਤ ਸਾਲਸੀ ਫੈਸਲੇ ਦੀ ਥਾਂ 'ਤੇ ਆਪਣਾ ਖੁਦ ਦਾ ਫੈਸਲਾ ਦੇ ਸਕਦੀ ਹੈ। ਅਦਾਲਤ ਅਜਿਹਾ ਤਾਂ ਕਰ ਸਕਦੀ ਹੈ ਜੇ ਸਾਲਸੀ ਫੈਸਲੇ ਵਿੱਚ ਪਰਿਵਾਰਕ ਕਾਨੂੰਨ ਨਾਲ ਜੁੜੀ ਕੋਈ ਗੱਲ ਨਹੀਂ ਕਹੀ ਜਾਂਦੀ ਜਾਂ ਜੇ ਇਹ ਕਿਸੇ ਅਜਿਹੀ ਗੱਲ ਦਾ ਹੁਕਮ ਕਰਦਾ ਹੈ ਜਿਸ ਦਾ ਹੁਕਮ ਅਦਾਲਤ ਨੇ ਨਹੀਂ ਸੀ ਦੇਣਾ। ਅਦਾਲਤਾਂ ਇਹ ਵੀ ਦੇਖਣਗੀਆਂ ਕਿ ਬੱਚੇ ਨੂੰ ਕਿਸੇ ਦੇ ਹਵਾਲੇ ਕਰਨ ਅਤੇ ਮਿਲਣ ਦੇ ਹੱਕ ਬਾਰੇ ਸਾਲਸੀ ਫੈਸਲੇ *ਚਿਲਡਰਨਜ਼ ਲਾਅ ਰਿਫਾਰਮ ਐਕਟ (Children's Law Reform Act)* ਦੇ ਅਨੁਸਾਰ ਹੋਣ। ਅਦਾਲਤ ਸਿਰਫ ਉਹੀ ਹੁਕਮ ਲਾਗੂ ਕਰੇਗੀ ਜੋ ਬੱਚਿਆਂ ਦੇ ਹਿਤ ਲਈ ਸਭ ਤੋਂ ਚੰਗੇ ਹੋਣ।
- ਪਰਿਵਾਰਕ ਕਾਨੂੰਨ ਸਬੰਧੀ ਸਾਰੇ ਸਾਲਸੀ ਫੈਸਲੇ ਲਾਜ਼ਮੀ ਤੌਰ 'ਤੇ ਲਿਖਤੀ ਰੂਪ ਵਿੱਚ ਹੋਣੇ ਚਾਹੀਦੇ ਹਨ।

- ਅਪ੍ਰੈਲ 2008 ਤੋਂ ਸ਼ੁਰੂ ਕਰਦੇ ਹੋਏ, ਪਰਿਵਾਰਕ ਕਾਨੂੰਨ ਦੇ ਉਨ੍ਹਾਂ ਸਾਰੇ ਸਾਲਸਾਂ, ਜੋ ਵਕੀਲ ਨਹੀਂ ਹਨ, ਲਈ ਕੈਨੇਡਾ ਦੇ ਪਰਿਵਾਰਕ ਕਾਨੂੰਨ ਦੀ ਸਿਖਲਾਈ ਲੈਣੀ ਲਾਜ਼ਮੀ ਹੋ ਗਈ ਹੈ। ਸਾਰੇ ਸਾਲਸਾਂ ਨੂੰ ਘਰੇਲੂ ਹਿੰਸਾ ਬਾਰੇ ਜਾਣਨ ਲਈ ਸਿਖਲਾਈ ਵੀ ਲਾਜ਼ਮੀ ਲੈਣੀ ਚਾਹੀਦੀ ਹੈ।
- ਸਾਲਸਾਂ ਨੂੰ ਇਹ ਜ਼ਰੂਰ ਯਕੀਨੀ ਬਣਾਉਣ ਚਾਹੀਦਾ ਹੈ ਕਿ ਫੈਸਲਾ ਲੈਣ ਦੀ ਪ੍ਰਕਿਰਿਆ ਨਿਆਂਪੂਰਨ ਹੋਵੇ। ਅਜਿਹਾ ਕਰਨ ਲਈ, ਉਨ੍ਹਾਂ ਨੂੰ ਇਸ ਗੱਲ ਦੀ ਤਫ਼ਤੀਸ਼ ਜ਼ਰੂਰ ਕਰਨੀ ਚਾਹੀਦੀ ਹੈ ਕਿ ਕੀ ਤੁਹਾਡੇ ਰਿਸ਼ਤੇ ਵਿੱਚ ਕਦੇ ਹਿੰਸਾ ਜਾਂ ਬਦਸਲੂਕੀ ਹੋਈ ਹੈ। ਉਨ੍ਹਾਂ ਨੂੰ ਇਹ ਵੀ ਜ਼ਰੂਰ ਦੇਖਣਾ ਚਾਹੀਦਾ ਹੈ ਕਿ ਤੁਹਾਡੇ ਅਤੇ ਤੁਹਾਡੇ ਸਾਬਕਾ ਸਾਥੀ ਕੋਲ ਤੁਹਾਡੇ ਰਿਸ਼ਤੇ ਵਿੱਚ ਬਰਾਬਰ ਦੀ ਸ਼ਕਤੀ ਅਤੇ ਨਿਯੰਤ੍ਰਣ ਹੈ। ਹਾਲਾਂਕਿ ਸਾਲਸਾਂ ਕੋਲ ਇਨ੍ਹਾਂ ਹਾਲਾਤ ਵਿੱਚ ਤੁਹਾਡੀ ਸੁਰੱਖਿਆ ਦੇ ਤਰੀਕੇ ਸਥਾਪਿਤ ਕਰਨ ਦੀ ਸ਼ਕਤੀ ਹੁੰਦੀ ਹੈ, ਜ਼ਿਆਦਾਤਰ ਵਿਅਕਤੀ ਇਸ ਗੱਲ 'ਤੇ ਸਹਿਮਤ ਹੁੰਦੇ ਹਨ ਕਿ ਜੇ ਤੁਹਾਡਾ ਜੀਵਨ ਸਾਥੀ ਹਿੰਸਕ ਜਾਂ ਬਦਸਲੂਕ ਸੀ, ਜੇ ਉਸ ਨੇ ਤੁਹਾਡੇ ਨਾਲ ਧੱਕਾਸ਼ਾਹੀ ਕਰਨ ਜਾਂ ਤੁਹਾਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਹੈ, ਜਾਂ ਜੇ ਉਸ ਨੇ ਤੁਹਾਡੇ ਫ਼ਾਇਦਾ ਉਠਾਇਆ ਹੈ, ਤਾਂ ਸਾਲਸੀ ਸਹੀ ਤਰ੍ਹਾਂ ਨਾਲ ਕੰਮ ਨਹੀਂ ਕਰਦੀ।
- ਸਾਲਸੀ ਫੈਸਲੇ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਇੱਕ ਫਾਰਮ 'ਤੇ ਲਾਜ਼ਮੀ ਦਸਤਖਤ ਕਰਨੇ ਚਾਹੀਦੇ ਹਨ ਜਿਸ ਵਿੱਚ ਇਹ ਲਿਖਿਆ ਹੋਵੇ ਕਿ ਤੁਸੀਂ **ਸੁੰਤਤਰ ਕਾਨੂੰਨੀ ਸਲਾਹ (independent legal advice)** ਲਈ ਸੀ। ਸਲਾਹ ਦੇਣ ਵਾਲੇ ਵਕੀਲ ਨੂੰ ਵੀ ਫਾਰਮ 'ਤੇ ਲਾਜ਼ਮੀ ਦਸਤਖਤ ਕਰਨੇ ਚਾਹੀਦੇ ਹਨ।
- ਸਾਲਸਾਂ ਨੂੰ ਸਾਲ ਵਿੱਚ ਦੋ ਵਾਰੀ ਮਨਿਸਟਰੀ ਆਫ ਅਟੌਰਨੀ ਜਨਰਲ ਕੋਲ ਹਾਜ਼ਰੀ ਲਾਜ਼ਮੀ ਭਰਨੀ ਚਾਹੀਦੀ ਹੈ। ਉਨ੍ਹਾਂ ਨੂੰ ਪਰਿਵਾਰਕ ਕਾਨੂੰਨ ਦੇ ਹਰੇਕ ਉਸ ਮਾਮਲੇ ਬਾਰੇ ਲਾਜ਼ਮੀ ਰਿਪੋਰਟ ਦੇਣੀ ਪੈਂਦੀ ਹੈ ਜਿਸ ਵਿੱਚ ਉਨ੍ਹਾਂ ਨੇ ਉਸ ਮਿਆਦ ਵਿੱਚ ਸਾਲਸੀ ਕੀਤੀ ਸੀ। ਸਾਲਸਾਂ ਨੂੰ ਘੱਟੋ-ਘੱਟ 10 ਸਾਲਾਂ ਤਕ ਸਾਰੇ ਸਾਲਸੀ ਫੈਸਲਿਆਂ ਦਾ ਰਿਕਾਰਡ ਵੀ ਲਾਜ਼ਮੀ ਤੌਰ 'ਤੇ ਸੰਭਾਲ ਕੇ ਰੱਖਣਾ ਚਾਹੀਦਾ ਹੈ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 'ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca 'ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. **ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)**
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*

flew Family Law Education for Women
Women's Right to Know
fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ. ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।